BRITISH COLUMBIA

# ਮਾਪਿਆਂ, ਗਾਰਡੀਅਨਾਂ ਅਤੇ ਸਟਾਫ਼ ਲਈ ਚਿੱਠੀ

ਤਾਰੀਖ਼: 13 ਮਾਰਚ, 2020 Ref: 218644

ਪਿਆਰੇ ਮਾਪਿਓ, ਗਾਰਡੀਅਨ ਅਤੇ ਸਟਾਫ਼,

ਜਦ ਕਿ ਹੁਣ ਸਪਰਿੰਗ ਬਰੇਕ ਸ਼ੁਰੂ ਹੋ ਰਿਹਾ ਹੈ, ਤਾਂ ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਸੰਸਾਰ ਪੱਧਰ 'ਤੇ ਫ਼ੈਲ ਚੁੱਕੀ ਮਹਾਮਾਰੀ ਕੋਵਿਡ-19 ਸਬੰਧੀ ਬੀ ਸੀ ਦੀ ਜਵਾਬੀ ਕਾਰਵਾਈ ਬਾਰੇ ਤੁਹਾਡੇ ਕੋਲ ਬਿਲਕੁਲ ਤਾਜ਼ਾ ਜਾਣਕਾਰੀ ਹੋਵੇ। ਕੱਲ੍ਹ, ਸਿਹਤ ਮੰਤਰੀ ਏਡਰੀਅਨ ਡਿਕਸ ਅਤੇ ਸੂਬਾਈ ਮੈਡੀਕਲ ਹੈੱਲਥ ਅਫ਼ਸਰ, ਡਾ. ਬੌਨੀ ਹੈਨਰੀ (PHO) ਨੇ ਕੁਝ ਨਵੀਆਂ ਕਾਰਵਾਈਆਂ ਅਤੇ ਰੋਕਥਾਮ ਦੇ ਉਪਾਵਾਂ ਦਾ ਐਲਾਨ ਕੀਤਾ ਹੈ।

ਤੁਹਾਨੂੰ ਕ੍ਰਿਪਾ ਕਰ ਕੇ ਇਹ ਪਤਾ ਹੋਣਾ ਚਾਹੀਦਾ ਹੈ ਕਿ ਸੂਬਾਈ ਹੈੱਲਥ ਅਫ਼ਸਰ ਨੇ ਸਲਾਹ ਦਿੱਤੀ ਹੈ ਕਿ ਕੈਨੇਡਾ ਤੋਂ ਬਾਹਰ ਕੋਈ ਵੀ ਬੇਲੋੜੀ ਯਾਤਰਾ ਨਾ ਕੀਤੀ ਜਾਵੇ, ਜਿਸ ਵਿੱਚ ਯੂਨਾਈਟਿਡ ਸਟੇਟਸ ਵੀ ਸ਼ਾਮਲ ਹੈ। ਜੇ ਤੁਸੀਂ ਕੈਨੇਡਾ ਤੋਂ ਬਾਹਰ ਜਾਂਦੇ ਹੀ ਹੋ, ਤਾਂ ਤੁਹਾਨੂੰ ਕਿਹਾ ਜਾਂਦਾ ਹੈ ਕਿ ਬੀ ਸੀ ਵਿੱਚ ਵਾਪਸ ਮੁੜਨ 'ਤੇ 14 ਦਿਨਾਂ ਲਈ ਖ਼ੁਦ ਹੀ ਆਪਣੇ ਆਪ ਨੂੰ ਹੋਰਾਂ ਨਾਲੋਂ ਅਲੱਗ ਰੱਖੋ (ਸਕੂਲ ਜਾਂ ਕੰਮ 'ਤੇ ਨਾ ਜਾਓ)। ਆਪਣੇ ਆਪ ਨੂੰ ਅਲੱਗ ਰੱਖਣਾ ਭਾਵੇਂ ਤੁਹਾਡੀ ਆਪਣੀ ਮਰਜ਼ੀ ਹੈ, ਪਰ ਪਬਲਿਕ ਹੈੱਲਥ ਅਧਿਕਾਰੀ ਇਹ ਉਮੀਦ ਕਰਦੇ ਹਨ ਕਿ ਸਾਰੇ ਬ੍ਰਿਟਿਸ਼ ਕੋਲੰਬੀਆ ਨਿਵਾਸੀ ਇੱਕ ਨਾਗਰਿਕ ਦੇ ਤੌਰ 'ਤੇ ਆਪਣੀ ਜ਼ਿੰਮੇਵਾਰੀ ਸਮਝਦਿਆਂ ਇਸ ਦੀ ਪਾਲਣਾ ਕਰਨਗੇ।

ਸੂਬਾਈ ਹੈੱਲਥ ਅਫ਼ਸਰ ਨੇ ਇਹ ਵੀ ਨਿਰਦੇਸ਼ ਦਿੱਤਾ ਹੈ ਕਿ 250 ਜਾਂ ਇਸ ਤੋਂ ਵੱਧ ਵਿਅਕਤੀਆਂ ਲਈ ਆਯੋਜਤ ਕੀਤੇ ਜਾ ਰਹੇ ਭਾਈਚਾਰਕ ਇਕੱਠ, ਸਮਾਗਮ ਰੱਦ ਜਾਂ ਮੁਲਤਵੀ ਕਰ ਦਿੱਤੇ ਜਾਣ। ਇਨ੍ਹਾਂ ਵਿੱਚ ਇਨਡੋਰ ਅਤੇ ਆਊਟਡੋਰ ਖੇਡ ਸਮਾਗਮ, ਕਾਨਫਰੰਸਾਂ, ਮੀਟਿੰਗਾਂ, ਧਾਰਮਕ ਇਕੱਠ ਜਾਂ ਅਜਿਹੇ ਹੋਰ ਸਮਾਗਮ ਜਿਵੇਂ ਕਿ ਸਕੂਲ ਮਿਊਜ਼ੀਕਲ ਥੀਏਟਰ ਜਾਂ ਗੀਤ-ਸੰਗੀਤ ਸਮਾਗਮ, ਸ਼ਾਮਲ ਹਨ।

ਇੱਕ ਅਹਿਮ ਚੇਤਾਵਨੀ, ਕ੍ਰਿਪਾ ਕਰ ਕੇ ਇਹ ਯਕੀਨੀ ਬਣਾਓ ਕਿ ਤੁਹਾਡੇ ਬੱਚੇ ਬਾਰ-ਬਾਰ ਹੱਥ ਧੋਂਦੇ ਰਹਿਣ ਅਤੇ ਤੁਹਾਡੇ ਪ੍ਰਵਾਰ ਵਿੱਚ ਜੇ ਕੋਈ ਬੀਮਾਰ ਹੋ ਜਾਵੇ, ਤਾਂ ਕ੍ਰਿਪਾ ਕਰ ਕੇ ਘਰ ਹੀ ਰਹੋ। ਜੇ ਤੁਹਾਨੂੰ ਜਾਂ ਤੁਹਾਡੇ ਕਿਸੇ ਪ੍ਰਵਾਰਕ ਮੈਂਬਰ ਨੂੰ ਕੋਵਿਡ-19 ਹੋ ਗਿਆ ਹੈ, ਤਾਂ ਸੁਰੱਖਿਅਤ ਢੰਗ ਨਾਲ ਟੈੱਸਟ ਕਰਾਉਣ ਲਈ ਤੁਹਾਨੂੰ ਆਪਣੇ ਸਥਾਨਕ ਪ੍ਰਾਈਮਰੀ ਕੇਅਰ ਪ੍ਰੋਵਾਈਡਰ ਨੂੰ ਜਾਂ 811 'ਤੇ ਕਾਲ ਕਰਨੀ ਚਾਹੀਦੀ ਹੈ।

ਵਿਦਿਆਰਥੀਆਂ, ਸਟਾਫ਼ ਅਤੇ ਸਾਡੇ ਸਕੂਲ ਭਾਈਚਾਰੇ ਦੀ ਸਿਹਤ ਅਤੇ ਸੁਰੱਖਿਆ ਸਾਡੀ ਤਰਜੀਹ ਹੈ। ਇਸ ਸਮੇਂ, ਸੂਬਾਈ ਹੈੱਲਥ ਅਫ਼ਸਰ ਵੱਲੋਂ ਸਲਾਹ ਦਿੱਤੀ ਗਈ ਹੈ ਕਿ ਸਕੂਲਾਂ ਨੂੰ ਬੰਦ ਕਰਨਾ ਜ਼ਰੂਰੀ ਨਹੀਂ ਹੈ। ਡਾ. ਹੈਨਰੀ ਦਾ ਇਹ ਵੀ ਕਹਿਣਾ ਹੈ ਕਿ ਬਾਰ-ਬਾਰ ਹੱਥ ਧੋਣ ਅਤੇ ਰੋਕਥਾਮ ਲਈ ਦੂਜੇ ਹੋਰ ਉਪਾਵਾਂ ਨੂੰ ਲਾਗੂ ਕਰ ਕੇ, ਸਕੂਲ ਬੱਚਿਆਂ ਨੂੰ ਸੁਰੱਖਿਅਤ ਰਹਿਣ ਵਿੱਚ ਮਦਦ ਕਰ ਸਕਦੇ ਹਨ। ਸਿਹਤ ਮੰਤਰੀ ਨੇ ਇਹ ਪੁਸ਼ਟੀ ਕੀਤੀ ਹੈ ਕਿ ਸਪਰਿੰਗ ਬਰੇਕ ਦੇ ਦੌਰਾਨ, ਸਿੱਖਿਆ ਮੰਤਰਾਲੇ ਅਤੇ ਸਿੱਖਿਆ ਦੇ ਖੇਤਰ ਵਿੱਚ ਭਾਈਵਾਲਾਂ ਨਾਲ ਕੋਵਿਡ-19 'ਤੇ ਨਿਗਰਾਨੀ ਰੱਖਣ ਅਤੇ ਇਸ ਪ੍ਰਤੀ ਬੀ ਸੀ ਵੱਲੋਂ ਜਵਾਬੀ ਕਾਰਵਾਈ ਕਰਦੇ ਰਹਿਣ ਬਾਰੇ ਵਿਚਾਰ ਵਟਾਂਦਰਾ ਚਲਦਾ ਰਹੇਗਾ।

**Ministry of Education**
Office of the Deputy Minister

Mailing address:
PO Box 9179 Stn Prov Govt
Victoria BC V8W 9H8

Telephone: (250) 387-2026
Facsimile: (250) 356-6007

ਇਸ ਇਨਫ਼ੈਕਸ਼ਨ ਦੇ ਫ਼ੈਲਣ ਦਾ ਖ਼ਤਰਾ ਘੱਟ ਕਰਨ ਦੇ ਤਰੀਕਿਆਂ ਵੱਜੋਂ ਅਸੀਂ ਪਹਿਲਾਂ ਨਾਲੋਂ ਵੱਧ ਸਾਫ਼ ਸਫ਼ਾਈ ਰੱਖਣ ਅਤੇ ਵਿਦਿਆਰਥੀਆਂ ਅਤੇ ਸਟਾਫ਼ ਲਈ ਆਪਣੇ ਹੱਥ ਸਾਫ਼ ਕਰਨ ਦੀਆਂ ਵਧੇਰੇ ਸਹੂਲਤਾਂ ਦੇਣ ਬਾਰੇ ਸੂਬਾਈ ਹੈੱਲਥ ਅਫ਼ਸਰ ਦੀ ਸਲਾਹ ਨੂੰ ਲਾਗੂ ਕੀਤਾ ਹੈ।

ਅਸੀਂ ਇੱਕ ਬੇਹੱਦ ਚੁਣੌਤੀਪੂਰਣ ਸਮੇਂ ‘ਚੋਂ ਗੁਜ਼ਰ ਰਹੇ ਹਾਂ ਅਤੇ ਜੋ ਕਰਨ ਲਈ ਕਿਹਾ ਜਾ ਰਿਹਾ ਹੈ, ਉਸ ਵਿੱਚੋਂ ਕੁਝ ਤੁਹਾਡੇ ਅਤੇ ਤੁਹਾਡੇ ਪ੍ਰਵਾਰ ਲਈ ਮੁਸ਼ਕਲ ਹੋ ਸਕਦਾ ਹੈ। ਬਚਾਉ ਵਾਸਤੇ ਰਲ ਕੇ ਇਹ ਕਦਮ ਚੁੱਕਣ ਰਾਹੀਂ, ਪਬਲਿਕ ਹੈੱਲਥ ਅਧਿਕਾਰੀਆਂ ਦਾ ਇਹ ਮੰਤਵ ਹੈ ਕਿ ਕੋਵਿਡ-19 ਨੂੰ ਫ਼ੈਲਣ ਤੋਂ ਰੋਕਿਆ ਜਾ ਸਕੇ ਅਤੇ ਸਾਡੇ ਭਾਈਚਾਰਿਆਂ ਵਿਚਲੇ ਕਮਜ਼ੋਰ ਲੋਕਾਂ ਨੂੰ ਬਚਾਇਆ ਜਾ ਸਕੇ। ਇਸ ਗੱਲ ਦੀ ਆਸ ਰੱਖਣਾ ਮੁਨਾਸਬ ਹੋਵੇਗਾ ਕਿ ਕੁਝ ਹੋਰ ਉਪਾਅ ਵੀ ਲਾਗੂ ਕੀਤੇ ਜਾ ਸਕਦੇ ਹਨ। ਅਸੀਂ ਹਰ ਰੋਜ਼ ਸਥਿਤੀ ‘ਤੇ ਨਜ਼ਰ ਰੱਖਦੇ ਰਹਾਂਗੇ ਅਤੇ ਬਦਲਦੇ ਹਾਲਾਤ ਬਾਰੇ ਤੁਹਾਡੇ ਅਤੇ ਤੁਹਾਡੇ ਪ੍ਰਵਾਰ ਤੱਕ ਤਾਜ਼ਾ ਜਾਣਕਾਰੀ ਪੁਚਾਉਣ ਲਈ ਅਸੀਂ ਆਪਣੇ ਵੱਲੋਂ ਵੱਧ ਤੋਂ ਵੱਧ ਯਤਨ ਕਰਾਂਗੇ।

ਸੂਬਾਈ ਹੈੱਲਥ ਅਫ਼ਸਰ ਅਤੇ ਸਿਹਤ ਮੰਤਰੀ ਵੱਲੋਂ ਹਰ ਰੋਜ਼ ਪੱਤਰਕਾਰ ਸੰਮੇਲਨ ਕੀਤੇ ਜਾਂਦੇ ਹਨ। ਉਨ੍ਹਾਂ ਬਾਰੇ ਨਿਊਜ਼ ਰਿਲੀਜ਼ https://news.gov.bc.ca/ministries/health ‘ਤੇ ਵੇਖੀਆਂ ਜਾ ਸਕਦੀਆਂ ਹਨ।

ਇਸ ਦੇ ਨਾਲ, ਬੀ ਸੀ ਸੈਂਟਰ ਫ਼ੌਰ ਡਿਜ਼ੀਜ਼ ਕੰਟਰੋਲ, ਕੋਵਿਡ-19 ਬਾਰੇ ਲਗਾਤਾਰ ਨਵੀਂ ਜਾਣਕਾਰੀ ਦੇ ਰਿਹਾ ਹੈ। ਹੋਰ ਜਾਣਕਾਰੀ ਲਈ http://www.bccdc.ca/health-professionals/clinical-resources/novel-coronavirus-(covid-19) ‘ਤੇ ਜਾਉ।



D. Scott MacDonald
Deputy Minister